नामांक Roll No.

| | | | | | | |
|---|---|---|---|---|---|---|
| | | | | | | |

No. of Questions – **10**

No. of Printed Pages – **8**

# S-75-Punjabi (T.L.) (Supp.)

## पंजाबी (PUNJABI)

## (THIRD LANGUAGE)

## माध्यमिक पूरक परीक्षा, 2020

**समय : 3¼ घण्टे**

**पूर्णांक : 80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ–ਪੱਤਰ ’ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।

(2) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ–ਪੁਸਤਿਕਾ ’ਤੇ ਹੀ ਲਿਖੋ ।

(4) ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ’ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

1. ਧਰਮ ਅਤੇ ਸਦਾਚਾਰ ਦੇ ਨੇਮਾਂ ਦੀ ਕਸੱਵਟੀ ਇਹ ਹੈ ਕਿ ਉਹ ਮਨੁੱਖ ਨੂੰ ਕਿੰਨਾ ਕੁ ਚੰਗਾ ਬਣਾਉਂਦੇ ਹਨ । ਮਨੁੱਖ ਜਨਮ ਤੋਂ ਹੀ ਕਿਸੇ ਅਣਦੇਖੀ ਸ਼ਕਤੀ ਤੋਂ ਭੈਅ ਖਾਂਦਾ ਰਿਹਾ ਹੈ । ਕੁਦਰਤੀ ਆਫ਼ਤਾਂ ਉਸਨੂੰ ਹਮੇਸ਼ਾਂ ਕਮਜ਼ੋਰ ਬਣਾਉਂਦੀਆਂ ਰਹੀਆਂ ਹਨ । ਮਨੁੱਖ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਸਾਡੇ ਧਾਰਮਿਕ ਆਗੂਆਂ ਨੇ ਖ਼ੂਬ ਉਠਾਇਆ । ਜਿੱਥੇ ਸਾਡੇ ਸ਼ਾਸਤਰ ਮਨੁੱਖ ਨੂੰ ਸਿਰ ਉੱਚਾ ਕਰਕੇ ਜੀਊਣ ਦੀ ਜਾਚ ਦੱਸਦੇ ਹਨ, ਉੱਥੇ ਸਾਡੇ ਧਾਰਮਿਕ ਆਗੂ ਮਨੁੱਖ ਨੂੰ ਮਾਨਸਿਕ ਤੌਰ 'ਤੇ ਧਰਮ ਦਾ ਗੁਲਾਮ ਬਣਾ ਦਿੰਦੇ ਹਨ । ਮੁੱਢ ਤੋਂ ਹੀ ਮਨੁੱਖ ਦੀ ਇਸ ਪ੍ਰਵਿਰਤੀ ਨੇ ਸਮਾਜ ਵਿੱਚ ਨਾ–ਬਰਾਬਰੀ ਨੂੰ ਸ਼ਹਿ ਦਿੱਤੀ, ਜਿਸ ਕਾਰਣ ਵਰਣ, ਜਾਤ, ਧਰਮ ਅਤੇ ਨਸਲ ਦੇ ਬਿਤਕਰਿਆਂ ਨੇ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਨੂੰ ਛਿੱਕੇ ਤੇ ਟੰਗ ਦਿੱਤਾ ਤੇ ਪਿੱਛੇ ਰਹਿ ਗਈ ਕਾਣੀ–ਵੰਡ, ਧਾਰਮਿਕ ਭੇਦ–ਭਾਵ ਤੇ ਸੰਪ੍ਰਦਾਇਕਤਾ । **(2 + 2 + 2 + 2 + 2 = 10)**

(ੳ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਉ ।

(ਅ) ਧਰਮ ਅਤੇ ਸਦਾਚਾਰਕ ਨੇਮਾਂ ਦੀ ਕਸਵੱਟੀ ਕੀ ਹੈ ?

(ੲ) ਮਨੁੱਖ ਦੀ ਕਿਹੜੀ ਕਮਜ਼ੋਰੀ ਦਾ ਫ਼ਾਇਦਾ ਧਾਰਮਿਕ ਆਗੂਆਂ ਨੇ ਉਠਾਇਆ ਹੈ ?

(ਸ) ਮਨੁੱਖ ਦੀ ਕਿਹੜੀ ਪ੍ਰਵਿਰਤੀ ਕਾਰਨ ਸਮਾਜ ਵਿੱਚ ਨਾ–ਬਰਾਬਰੀ ਨੂੰ ਸ਼ਹਿ ਮਿਲੀ ਹੈ ?

(ਹ) ਔਖੇ ਸ਼ਬਦਾਂ ਦੇ ਅਰਥ ਲਿਖੋ :

ਨੇਮ, ਭੈਅ, ਆਫ਼ਤ, ਵਿਤਕਰਾ ।

2. ਹੇਠ ਦਿੱਤੇ ਕਿਸੇ **ਇੱਕ** ਵਿਸ਼ੇ ਉੱਪਰ ਲੇਖ–ਰਚਨਾ ਕਰੋ : **(10)**

(ੳ) ਸਾਡਾ ਮੁੱਖ–ਅਧਿਆਪਕ

(ਅ) ਹੋਲੀ

(ੲ) ਮਹਿੰਗਾਈ

(ਸ) ਵਿਦਿਆਰਥੀ ਅਤੇ ਫ਼ੈਸ਼ਨ

3. ਆਪਣੇ ਸਕੂਲ ਦੇ ਮੁੱਖ–ਅਧਿਆਪਕ ਨੂੰ ਬੀਮਾਰੀ ਦੀ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ । **(1 + 3 + 1 = 5)**

**ਜਾਂ**

ਤੁਸੀਂ ਹੋਸਟਲ ਵਿੱਚ ਰਹਿ ਕੇ ਪੜ੍ਹਾਈ ਕਰ ਰਹੇ ਹੋ । ਤੁਹਾਨੂੰ ਕਿਤਾਬਾਂ ਅਤੇ ਹੋਰ ਜ਼ਰੂਰਤਾਂ ਲਈ ਧਨ ਦੀ ਲੋੜ ਹੈ । ਆਪਣੇ ਪਿਤਾ ਜੀ ਨੂੰ ਆਪਣੀਆਂ ਜ਼ਰੂਰਤਾਂ ਦੱਸਦੇ ਹੋਏ ਪੈਸੇ ਮੰਗਵਾਉਣ ਲਈ ਪੱਤਰ ਲਿਖੋ ।

4. (ੳ) 'ਦੁਆਬੀ' ਉਪਭਾਸ਼ਾ ਕਿਹੜੇ–ਕਿਹੜੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ ? **(2)**

(ਅ) ਪੰਜਾਬੀ ਦੇ ਨਾਸਿਕੀ ਵਿਅੰਜਨ ਕਿਹੜੇ–ਕਿਹੜੇ ਹਨ ? **(2)**

(ੲ) ਗੁਰਮੁਖੀ ਲਿਪੀ ਵਿੱਚ ਕਿੰਨੇ 'ਦੁੱਤਅੱਖਰ' ਹਨ ? ਵੇਰਵਾ ਦਿਉ । **(2)**

5. (ੳ) ਵਿਰੋਧੀ ਸ਼ਬਦ ਲਿਖੋ : (ਕੋਈ **ਤਿੰਨ**) **(3)**

ਇਮਾਨਦਾਰ, ਹਾਜ਼ਰ, ਸੰਜੋਗ, ਵਰ, ਜੰਗ

(ਅ) ਕਿਸੇ ਤਿੰਨ ਸ਼ਬਦਾਂ ਦੇ **ਦੋ–ਦੋ** ਸਮਾਨਾਰਥਕ ਸ਼ਬਦ ਲਿਖੋ : **(3)**

ਉੱਤਮ, ਅਮਨ, ਆਦਰ, ਸੋਹਣਾ, ਧਰਤੀ

(ੲ) ਕਿਸੇ ਤਿੰਨ ਸ਼ਬਦਾਂ ਦੇ **ਦੋ–ਦੋ** ਬਹੁਅਰਥਕ ਸ਼ਬਦ ਲਿਖੋ ਅਤੇ ਵਾਕ–ਪ੍ਰਯੋਗ ਰਾਹੀਂ ਸਪਸ਼ਟ ਕਰੋ – **(3)**

ਉਲਟੀ, ਕੱਚਾ, ਧਾਰ, ਸੂਤ, ਫੁੱਲ

6. ਹੇਠ ਲਿਖੇ ਕਿਸੇ **ਇੱਕ** ਕਾਵਿ–ਬੰਦ ਨਾਲ ਸੰਬੰਧਿਤ ਸੁਆਲਾਂ ਦੇ ਜੁਆਬ ਦਿਓ : **(2½+2½+2½+2½ = 10)**

(ੳ) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ।।

ਆਪੈ ਦੋਸੁ ਨ ਦੇਈ ਕਰਤਾ ਜਮੁ ਕਹਿ ਮੁਗਲੁ ਚੜਾਇਆ ।।

ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦੁ ਨ ਆਇਆ ।।

(i) ਉਪਰੋਕਤ ਸਤਰਾਂ ਦਾ ਪ੍ਰਸੰਗ ਲਿਖੋ ।

(ii) ਉਪਰੋਕਤ ਕਾਵਿ–ਬੰਦ ਦੀ ਸਰਲ ਵਿਆਖਿਆ ਕਰੋ ।

(iii) 'ਤੈ ਕੀ ਦਰਦੁ ਨ ਆਇਆ' ਸ਼ਬਦ ਕਿਸ ਨੂੰ ਸੰਬੋਧਿਤ ਹਨ ਤੇ ਕਿਉ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ –

ਖੁਰਾਸਾਨ, ਖਸਮਾਨਾ, ਕਰਤਾ, ਮੁਗਲੁ, ਕੁਰਲਾਣੇ

**ਜਾਂ**

(ਅ) ਕਿਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ ।

ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ ।

ਕਿੰਨਾ ਹੈ ਮਹਾਨ ਦੇਸ ਓਦੋਂ ਪਤਾ ਲੱਗਿਆ ।

ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ ।

ਝੁੱਲ ਓ ਤਰੰਗਿਆ ਤੂੰ ਝੁੱਲ ਸਾਡੀ ਖ਼ੈਰ ਏ ।

(i) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਬਿਆਨ ਕਰੋ ।

(ii) ਉਪਰੋਕਤ ਕਾਵਿ-ਬੰਦ ਦੀ ਵਿਆਖਿਆ ਲਿਖੋ ।

(iii) 'ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ ।' ਤੁੱਕ ਕਵੀ ਦੀ ਕਿਸ ਮਨੋ-ਭਾਵਨਾ ਦਾ ਪ੍ਰਗਟਾਵਾ ਕਰਦੀ ਹੈ ?

(iv) ਔਖੇ ਸ਼ਬਦਾਂ ਦੇ ਅਰਥ ਲਿਖੋ –

ਚੋਗਾ, ਵਸੇਬਾ, ਹਿੱਕ, ਝੁੱਲ, ਖ਼ੈਰ ।

7. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਦਿਉ : **(5 + 5 = 10)**

(ੳ) 'ਜਗਤੁ ਜਲੰਦਾ ਰਖਿ ਲੈ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) 'ਬਸ ਕਰ ਜੀ ਹੁਣ ਬਸ ਕਰ ਜੀ' ਕਾਫ਼ੀ ਦਾ ਸਾਰ ਆਪਣੇ ਸ਼ਬਦਾ ਵਿੱਚ ਲਿਖੋ ।

(ੲ) 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ-ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ? ਅਤੇ ਉਨ੍ਹਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ?

(ਸ) 'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ ।

8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ – (ਕੋਈ ਪੰਜ) : **(2 + 2 + 2 + 2 + 2 = 10)**

(ੳ) ਮਿਲਖਾ ਸਿੰਘ ਨੂੰ ਕਿਹੜੇ–ਕਿਹੜੇ ਨਾਂ ਨਾਲ ਉਪਮਾ ਦਿੱਤੀ ਜਾਂਦੀ ਹੈ ?

(ਅ) ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਪੰਜ ਉਪਾਧੀਆਂ ਦੇ ਨਾਂ ਲਿਖੋ ।

(ੲ) ਭਾਈ ਮਰਦਾਨਾ ਜੀ ਦਾ ਨਾਂ 'ਮਰਦਾਨਾ' ਕਿਵੇਂ ਪਿਆ ?

(ਸ) ਸਾਧ ਤੇ ਕਿਰਤੀ ਦੇ ਲੱਛਣ ਕਿਵੇਂ ਮਿਲਦੇ ਹਨ ?

(ਹ) ਲੇਖਕ ਤੇ ਉਸਦੀ ਭੈਣ ਨੂੰ ਜਰਨੈਲੀ ਸੜਕ ਭੈ–ਸਾਗ਼ਰ ਕਿਉਂ ਲੱਗਦੀ ਸੀ ?

(ਕ) ਸਾਂਝੀ ਕੰਧ ਦਾ ਝਗੜਾ ਕਿੰਨ੍ਹਾਂ ਵਿਚਕਾਰ ਸੀ ? ਤੇ ਕਿਉਂ ?

(ਖ) ਜੱਗਰ ਦਾ ਕਤਲ ਕਿਸ ਨੇ ਕੀਤਾ ਸੀ ? ਤੇ ਕਿਉਂ ?

(ਗ) ਦਿਆਲ ਨੂੰ ਘਰ ਫਿਰਦਾ ਵੇਖ ਕੇ ਨਾਲ ਦੀ ਵਹੁਟੀ ਕੀ–ਕੀ ਸੋਚਾਂ ਸੋਚਦੀ ਸੀ ?

9. 'ਗੰਗਾਦੀਨ' ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **(5)**

**ਜਾਂ**

ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ–ਕੀ ਵਿਸ਼ੇਸ਼ਤਾਵਾਂ ਹਨ ? ਵੇਰਵਾ ਦਿਉ ।

10. ‘ਦੁੱਧ ਦਾ ਛੱਪੜ’ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ । **(5)**

**ਜਾਂ**

‘ਪਹੁਤਾ ਪਾਂਧੀ’ ਕਹਾਣੀ ਦੇ ਮੁੱਖ ਪਾਤਰ ‘ਮੇਜਰ ਸਾਹਿਬ’ ਦੇ ਸੁਭਾਅ ਉੱਪਰ ਚਾਨਣਾ ਪਾਉ ।